ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ਼ਤਰ ਜਨਰਲ ਭਾਗ-1).

Net ਤੇ ਇਸ ਸਬੰਧੀ ਨੋਡਲ ਨੂੰ ਸੀ ਅਤੇ

| O/o C.E./CD& C, PTA. | |
|---|---|
| Dy. CE/CD | |
| Dy. CE/Estate | |
| Dy. CE/RW MDI | |
| Dy. CE/CDH | |
| Dy. CE/SPK Phs | |
| Dy. CE/HQ | ✓ |
| P. S. | |

ਵੱਲ

1. ਡੀ.ਜੀ.ਪੀ/ਵੀ. ਤੇ ਐਸ;ਪੰ:ਸ:ਪਾ:ਕਾ:ਲਿਮ:ਪਟਿਆਲਾ।
2. ਸਾਰੇ ਜਨਰਲ ਮੈਨੇਜਰ/ਇੰਜ:ਇਨ:ਚੀਫ/ਮੁੱਖ:ਇੰਜੀ:ਪੀ.ਐਸ.ਪੀ:ਸੀ.ਐਲ।
3. ਸਾਰੇ ਨਿਗ:ਇੰਜ:ਪੀ.ਐਸ.ਪੀ.ਸੀ.ਐਲ।
4. ਵਿੱਤ/ਸਲਾਹਕਾਰ,ਕਾਸਟ ਕੰਟਰੋਲਰ,ਮੁੱਖ ਆਡੀਟਰ,ਮੁੱਖ ਲੇਖਾ ਅਫ਼ਸਰ (ਰੈਵੀਨਿਊ) ਅਤੇ ਮੁੱਖ ਲੇਖਾ ਅਫ਼ਸਰ,ਪਟਿਆਲਾ।
5. ਲੀਗਲ ਐਡਵਾਈਜ਼ਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
6. ਸਾਰੇ ਉਪ ਸਕੱਤਰ,ਹੈਡ ਆਫਿਸ,ਪੀ.ਐਸ:ਪੀ:ਸੀ:ਐਲ:ਪਟਿਆਲਾ।

70660/859
ਮੀਮੋ ਨੰ:--11--- /ਜੀ ਬੀ/ਏ-ਮਿਸਲੇਨੀਅਸ
ਮਿਤੀ:-13-11-15

ਵਿਸ਼ਾ:- ਸਵੱਛ ਭਾਰਤ ਮਿਸ਼ਨ ਸਬੰਧੀ।
ਹਵਾਲਾ:-ਇਸ ਦਫ਼ਤਰ ਦਾ ਪੱਤਰ ਨੰ:41180 ਮਿਤੀ: 9.6.15 ਅਤੇ ਪੱਤਰ ਨੰ: 62445/645 /ਜੀ.ਬੀ./ਏ-ਮਿਸਲੇਨੀਅਸ ਮਿਤੀ 1.9.2015

ਮਾਨਯੋਗ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਪੀ.ਸੀ.ਐਲ. ਜੀ ਦੀ ਪ੍ਰਵਾਨਗੀ ਨਾਲ ਮੁੱਖ ਇੰਜੀਨੀਅਰ/ਸਿਵਲ ਡਿਜਾਇਨ ਤੇ ਉਸਾਰੀ,ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਸਵੱਛ ਭਾਰਤ ਮਿਸ਼ਨ ਸਬੰਧੀ ਨੋਡਲ ਅਫ਼ਸਰ ਨਿਯੁਕਤ ਕੀਤਾ ਹੋਇਆ ਹੈ। ਨੋਡਲ ਅਫ਼ਸਰ ਵਲੋਂ,ਮਾਨਯੋਗ ਪ੍ਰਧਾਨ ਮੰਤਰੀ ਜੀ ਵਲੋਂ ਚਲਾਈ ਹੋਈ ਸਵੱਛ ਭਾਰਤ ਮੁਹਿਮ ਸਬੰਧੀ,ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਨੂੰ ਲਾਗੂ ਕਰਨ ਹਿੱਤ ਸੂਚਨਾਵਾਂ ਸਾਰੇ ਐਚ.ਓ.ਡੀਜ਼. ਪੀ.ਐਸ.ਪੀ.ਸੀ.ਐਲ ਤੋਂ ਇਕੱਤਰ ਕਰਕੇ ਸੰਕਲਿਤ ਰੂਪ ਵਿੱਚ ਆਮ ਰਾਜ ਪ੍ਰਬੰਧ ਵਿਭਾਗ(ਆਮ ਤਾਲਮੇਲ) ਚੰਡੀਗੜ੍ਹ ਨੂੰ ਹਰੇਕ ਮਹੀਨੇ ਦੀ ਪੰਜ ਤਾਰੀਕ ਨੂੰ ਭੇਜਣੀ ਹੁੰਦੀ ਹੈ।

ਨੋਡਲ ਅਫਸਰ ਸਵੱਛ ਭਾਰਤ ਮਿਸ਼ਨ ਵਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਉਨ੍ਹਾਂ ਦੇ ਦਫਤਰ ਵਲੋਂ ਸਵੱਛ ਭਾਰਤ ਮਿਸ਼ਨ ਸਬੰਧੀ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ ਤੇ ਇਨਫਰਮੇਸ਼ਨ ਲਿੰਕ ਸਥਾਪਿਤ ਕੀਤਾ ਗਿਆ ਹੈ। ਜਿਸ ਤੇ ਸਮੇਂ ਸਮੇਂ ਸਵੱਛ ਭਾਰਤ ਮਿਸ਼ਨ ਨਾਲ ਸਬੰਧਤ ਕੇਂਦਰੀ/ਪੰਜਾਬ ਸਰਕਾਰ ਤੋਂ ਪ੍ਰਾਪਤ ਹੋਏ ਪੱਤਰਾਂ ਨੂੰ ਅੱਪਲੋਡ ਕਰਕੇ ਐਚ.ਓ.ਡੀਜ਼ ਨੂੰ ਸੂਚਨਾ ਭੇਜਣ ਲਈ ਲਿਖਿਆ ਜਾਂਦਾ ਹੈ ਤਾਂ ਜੋ ਹਰ ਮਹੀਨੇ ਦੀ 5 ਤਾਰੀਖ ਨੂੰ ਮਹਿਕਮੇ ਦੀ ਸੰਕਲਿਤ ਸੂਚਨਾ ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) ਪੰਜਾਬ ਸਰਕਾਰ ਨੂੰ ਭੇਜੀ ਜਾ ਸਕੇ, ਪ੍ਰੰਤੂ ਐਚ.ਓ.ਡੀਜ਼ ਵਲੋਂ ਲੋੜੀਂਦੀ ਸੂਚਨਾ, ਨੋਡਲ ਅਫਸਰ ਸਵੱਛ ਭਾਰਤ ਮਿਸ਼ਨ ( ਮੁੱਖ ਇੰਜ:/ ਸਿਵਲ ਡੀਜਾਈਨ ਅਤੇ ਉਸਾਰੀ) ਨੂੰ ਮੁਹੱਈਆ ਨਾ ਕਰਵਾਉਣ ਕਰਕੇ ਮਹਿਕਮੇ ਦੀ ਸੰਕਲਿਤ ਸੂਚਨਾ ਆਮ ਰਾਜ ਪ੍ਰਬੰਧ ਵਿਭਾਗ ( ਆਮ ਤਾਲਮੇਲ ਸ਼ਾਖਾ) ਪੰਜਾਬ ਸਰਕਾਰ ਚੰਡੀਗੜ੍ਹ ਨੂੰ ਭੇਜਣ ਵਿੱਚ ਉਨ੍ਹਾਂ ਦਾ ਦਫਤਰ ਅਸਮਰੱਥ ਹੈ। ਮਾਨਯੋਗ ਡਾਇਰੈਕਟਰ/ਪ੍ਰਬੰਧਕੀ ਜੀ ਨੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ।

ਇਸ ਲਈ ਹਵਾਲੇ ਅਧੀਨ ਦਰਸਾਏ ਪੱਤਰਾਂ ਦੀ ਲਗਾਤਾਰਤਾ ਵਿੱਚ ਸਾਰੇ ਐਚ.ਓ.ਡੀਜ਼ ਨੂੰ ਲਿਖਿਆ ਜਾਂਦਾ ਹੈ ਕਿ ਸਵੱਛ ਭਾਰਤ ਮਿਸ਼ਨ ਸਬੰਧੀ ਲੋੜੀਂਦੀ ਸੂਚਨਾ ਹਰ ਮਹੀਨੇ ਦੇ ਪਹਿਲੇ ਦਿਨ ਨੋਡਲ ਅਫਸਰ ( ਮੁੱਖ ਇੰਜ:/ ਸਿਵਲ ਡੀਜਾਈਨ ਅਤੇ ਉਸਾਰੀ) ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਜਨਰਲ,
ਪੰ:ਸ:ਪਾ:ਕਾ:ਲਿਮ:ਪਟਿਆਲਾ।
ਮਿਤੀ: 13-11-15

ਪਿੱਠਅੰਕਣ ਨੰ: 70860/69 /ਜੀਬੀ/ਏ-ਮਿਸਲੇਨੀਅਸ
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

1. ਸੀਨੀ ਪੀ.ਐਸ.ਟੂ-ਸੀ.ਐਮ.ਡੀ.,ਪੰ:ਸ:ਪਾ:ਕਾ:ਲਿਮ:ਪਟਿਆਲਾ।
2. ਸਾਰੇ ਸੀਨੀ.ਪੀ.ਐਸ.ਟੂ-ਡਾਇਰੈਕਟਰਜ,ਪੰ:ਸ:ਪਾ:ਕਾ:ਲਿਮ:ਪਟਿਆਲਾ।
3. ਪੀ.ਐਸ.ਟੂ-ਉਪ ਮੁੱਖ ਇੰਜ/ਪ੍ਰਸੋਨਲ:ਪੰ:ਸ:ਪਾ:ਕਾ:ਲਿਮ:ਪਟਿਆਲਾ।
4. ਨੋਡਲ ਅਫਸਰ ਸਵੱਛ ਭਾਰਤ ਮਿਸ਼ਨ-ਕਮ-ਮੁੱਖ ਇੰਜ:/ਸਿਵਲ ਡੀਜਾਈਨ ਅਤੇ ਉਸਾਰੀ, ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਉਨ੍ਹਾਂ ਦੇ ਦਫਤਰੀ ਮੀਮੋ ਨੰ: 4275 ਮਿਤੀ 26.10.15 ਦੇ ਹਵਾਲੇ ਵਿੱਚ।

-ਸਹੀ-
ਉਪ ਸਕੱਤਰ /ਜਨਰਲ,
ਪੰ:ਸ:ਪਾ:ਕਾ:ਲਿਮ:ਪਟਿਆਲਾ।

ਮੁੱਖ ਇੰਜ:/ਸੀ.ਡੀ.ਤੇ ਸੀ ... ਪਟਿਆਲਾ
ਡਾਇਰੀ ਨੰ. 3812
ਮਿਤੀ 17.11.15